ਸਰਵ ਸਿੱਖਿਆ ਅਭਿਆਨ ਅਤੇ ਮਿਡ ਡੇ ਮੀਲ ਦੇ ਕੰਮਾਂ ਦੀ ਸਮੀਖਿਆ ਕਰਨ ਹਿੱਤ ਜ਼ਿਲ੍ਹਾ ਪੱਧਰ ਤੇ ਰਿਵਿਊ ਅਤੇ ਮੋਨੀਟਰਿੰਗ ਕਰਨ ਲਈ ਤਿਮਾਹੀ ਮੀਟਿੰਗ ਮਿਤੀ: 27.06.2014 ਨੂੰ 3:30 ਵਜੇ ਲੈਫ. ਕਰਨਲ ਸ਼ਾਂਤੀ ਸਵਰੂਪ ਰਾਣਾ ਅਸ਼ੋਕ ਚੱਕਰਾ ਮੀਟਿੰਗ ਹਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਪ੍ਰਧਾਨ ਜੀ ਤੋ ਆਗਿਆ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ ਵੱਲੋ ਮੀਟਿੰਗ ਸ਼ੁਰੂ ਕੀਤੀ ਗਈ।

**ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਹਾਜ਼ਰ ਹੋਏ :-**

| | | | |
|---|---|---|---|
| 1 | ਸ਼੍ਰੀ ਹਰਬੀਰ ਸਿੰਘ | : | ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਹੁਸ਼ਿਆਰਪੁਰ |
| 2 | ਸ਼੍ਰੀ ਰਾਹੁਲ ਚਾਬਾ | : | ਐਸ.ਡੀ.ਐਮ, ਮੁਕੇਰੀਆਂ |
| 3 | ਡਾ. ਜਗਵਿੰਦਰ ਜੀਤ ਸਿੰਘ ਗਰੇਵਾਲ | : | ਐਸ.ਡੀ.ਐਮ, ਹੁਸ਼ਿਆਰਪੁਰ |
| 4 | ਸ਼੍ਰੀ ਬਰਜਿੰਦਰ ਸਿੰਘ | : | ਐਸ.ਡੀ.ਐਮ, ਦਸੂਹਾ |
| 5 | ਅਮਨਦੀਪ ਕੌਰ | : | ਐਸ.ਡੀ.ਐਮ, ਗੜ੍ਹਸ਼ੰਕਰ |
| 6 | ਸ਼੍ਰੀਮਤੀ ਸੁਖਵਿੰਦਰ ਕੌਰ | : | ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਹੁਸ਼ਿਆਰਪੁਰ |
| 7 | ਮੈਡਮ ਸੁਮਨਦੀਪ ਕੌਰ | : | ਜ਼ਿਲ੍ਹਾ ਪ੍ਰੋਗਰਾਮ ਅਫਸਰ, ਆਈ ਸੀ ਡੀ ਐਸ ਹੁਸ਼ਿਆਰਪੁਰ |
| 8 | ਸ਼੍ਰੀ ਸਰਦਾਰਾ ਸਿੰਘ ਜੰਡੋਲੀ | : | ਨੁਮਾਇੰਦਾ ਸ਼੍ਰੀ ਸੁਰਿੰਦਰ ਸਿੰਘ ਐਮ ਐਲ ਏ ਗੜ੍ਹਸ਼ੰਕਰ |
| 9 | ਸ਼੍ਰੀ ਦਲੀਪ ਸਿੰਘ | : | ਨੁਮਾਇੰਦਾ ਸ਼੍ਰੀ ਸੁਰਿੰਦਰ ਸਿੰਘ ਐਮ ਐਲ ਏ ਗੜ੍ਹਸ਼ੰਕਰ |
| 10 | ਸ਼੍ਰੀ ਬਲਕੀਸ਼ ਰਾਜ | : | ਨੁਮਾਇੰਦਾ ਸ਼੍ਰੀਮਤੀ ਸੁਖਜੀਤ ਕੌਰ ਸ਼ਾਹੀ ਐਮ ਐਲ ਏ ਹਲਕਾ ਦਸੂਹਾ |
| 11 | ਸ਼੍ਰੀ ਮਦਨ ਲਾਲ ਸ਼ਰਮਾ | : | ਜਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ, ਸਸਅ |
| 12 | ਸ਼੍ਰੀ ਹਰਭਜਨ ਸਿੰਘ | : | ਜ਼ਿਲ੍ਹਾ ਮੈਨੇਜਰ, ਮਿਡ ਡੇ ਮੀਲ, ਹੁਸ਼ਿਆਰਪੁਰ |
| 13 | ਸ਼੍ਰੀ ਅਨੀਰੁਧ ਮੋਦਗਿਲ | : | ਡੀਲਿੰਗ ਹੈਂਡ, ਮਿਡ ਡੇ ਮੀਲ, ਹੁਸ਼ਿਆਰਪੁਰ |
| 14 | ਸ਼੍ਰੀ ਪਰਮਜੀਤ ਸਚਦੇਵਾ | : | ਪ੍ਰੈਜੀਡੈਂਟ, ਆਸ਼ਾ ਦੀਪ ਵੈਲਫੇਅਰ ਸੋਸਾਇਟੀ, ਹੁਸ਼ਿਆਰਪੁਰ |
| 15 | ਸ਼੍ਰੀ ਮਲਕੀਤ ਸਿੰਘ | : | ਜਨਰਲ ਸੈਕਟਰੀ, ਆਸ਼ਾ ਦੀਪ ਵੈਲਫੇਅਰ ਸੋਸਾਇਟੀ, ਹੁਸ਼ਿਆਰਪੁਰ |
| 16 | ਸ਼੍ਰੀ ਚੰਦਰੇਸ਼ ਧੀਮਾਨ | : | ਡਾਇਰੈਕਟਰ, ਨਵਚੇਤਨਾ (ਐਨ ਜੀ ਓ) ਹੁਸ਼ਿਆਰਪੁਰ |
| 17 | ਸ਼੍ਰੀ ਸੁਦੇਸ਼ ਕੁਮਾਰ | : | ਡੀ ਆਰ ਪੀ, ਆਰ ਐਮ ਐਸ ਏ |
| 18 | ਸ਼੍ਰੀ ਜਗਤਜੀਤ ਸਿੰਘ | : | ਡੀ ਆਰ ਪੀ, ਪ੍ਰਵੇਸ਼ ਪੋਜੈਕਟ ਕੋਆਰਡੀਨੇਟਰ, ਸਸਅ |
| 19 | ਸ਼੍ਰੀ ਨਰੇਸ਼ ਕੁਮਾਰ | : | ਸੀਨੀਅਰ ਸਹਾਇਕ, ਦਫਤਰ ਜ਼ਿਲ੍ਹਾ ਵੈਲਫੇਅਰ ਅਫਸਰ, ਹੁਸ਼ਿਆਰਪੁਰ |
| 20 | ਸ਼੍ਰੀ ਭਗਵੰਤ ਰਾਏ | : | ਬੀ ਪੀ ਈ ਓ ਬਲਾਕ ਮਾਹਿਲਪੁਰ-1 |
| 21 | ਸ਼੍ਰੀ ਮਨਜੀਤ ਸਿੰਘ | : | ਬੀ ਪੀ ਈ ਓ ਬਲਾਕ ਟਾਂਡਾ-1 |
| 22 | ਸ਼੍ਰੀਮਤੀ ਬਲਜੀਤ ਕੌਰ | : | ਬੀ ਪੀ ਈ ਓ ਬਲਾਕ ਮਾਹਿਲਪੁਰ-2 |
| 23 | ਸ਼੍ਰੀਮਤੀ ਗੁਰਬਖਸ਼ ਕੌਰ | : | ਬੀ ਪੀ ਈ ਓ ਬਲਾਕ ਭੂੰਗਾ-2 |

| | | | |
|---|---|---|---|
| 24 | ਸ਼੍ਰੀਮਤੀ ਸੁਮਿੱਤਰ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 1 ਬੀ |
| 25 | ਸ਼੍ਰੀਮਤੀ ਕਮਲ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 2 ਬੀ |
| 26 | ਸ਼੍ਰੀਮਤੀ ਗੁਰਮੇਜ਼ ਕੌਰ | : | ਬੀ ਪੀ ਈ ਓ ਬਲਾਕ ਭੁੱਲੋਵਾਲ |
| 27 | ਸ਼੍ਰੀਮਤੀ ਬਲਵਿੰਦਰ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 1 ਏ |
| 28 | ਸ਼੍ਰੀ ਮਹਿੰਦਰ ਲਾਲ | : | ਜੇ.ਈ, ਬਲਾਕ ਹੁਸ਼ਿਆਰਪੁਰ 1 ਏ |
| 29 | ਸ਼੍ਰੀ ਸੱਤਪਾਲ | : | ਬੀ ਆਰ ਪੀ, ਬਲਾਕ ਗੜ੍ਹਸ਼ੰਕਰ–1 |
| 30 | ਸ਼੍ਰੀ ਮਨਜੀਤ ਸਿੰਘ | : | ਬੀ ਆਰ ਪੀ, ਬਲਾਕ ਦਸੂਹਾ–1 |
| 31 | ਸ਼੍ਰੀ ਇਕਬਾਲ ਸਿੰਘ | : | ਬੀ ਆਰ ਪੀ, ਬਲਾਕ ਦਸੂਹਾ–2 |
| 32 | ਸ਼੍ਰੀ ਪਰਮਜੀਤ ਸਿੰਘ | : | ਬੀ ਆਰ ਪੀ ਟਾਂਡਾ–2 |
| 33 | ਸ਼੍ਰੀ ਬਲਵਿੰਦਰ ਸਿੰਘ | : | ਜੇ.ਈ, ਤਲਵਾੜਾ |
| 34 | ਸ਼੍ਰੀ ਪਰਮਿੰਦਰ ਸਿੰਘ | : | ਜੇ.ਈ, ਮੁਕੇਰੀਆਂ–2 |
| 35 | ਅਨਿਲ ਕੁਮਾਰ | : | ਜੇ.ਈ, ਹਾਜੀਪੁਰ |
| 36 | ਸ਼੍ਰੀ ਰਜਿੰਦਰ ਕੁਮਾਰ | : | ਬਲਾਕ ਇੰਚਾਰਜ਼ ਬਲਾਕ ਹੁਸ਼ਿਆਰਪੁਰ 2 ਏ |
| 37 | ਸ਼੍ਰੀ ਗੁਰਮੇਲ ਸਿੰਘ | : | ਬੀ ਆਰ ਪੀ, ਬਲਾਕ ਗੜ੍ਹਸ਼ੰਕਰ–2 |
| 38 | ਸ਼੍ਰੀ ਪ੍ਰਦੀਪ ਕੁਮਾਰ | : | ਬੀ ਆਰ ਪੀ ਬਲਾਕ ਮੁਕੇਰੀਆਂ–1 |
| 39 | ਸ਼੍ਰੀ ਜਸਵੰਤ ਸਿੰਘ | ; | ਬੀ ਆਰ ਪੀ, ਬਲਾਕ ਭੂੰਗਾ–1 |
| 40 | ਸ਼੍ਰੀ ਸੁਰਜੀਤ ਕੁਮਾਰ | : | ਡੀ ਆਰ ਪੀ, ਟੈਕਸਟ ਬੁੱਕ |
| 41 | ਸ਼੍ਰੀ ਜਗਜੀਵਨ ਪ੍ਰਕਾਸ਼ | : | ਸਹਾਇਕ ਡੀ ਆਰ ਪੀ, ਟੈਕਸਟ ਬੁੱਕ |
| 42 | ਸ਼੍ਰੀ ਨੀਰਜ ਧੀਮਾਨ | : | ਸੀ ਐਮ ਸੀ, ਸਸਅ |
| 43 | ਸ਼੍ਰੀਮਤੀ ਨਿਰਮਲਾ ਦੇਵੀ | : | ਏ.ਪੀ.ਸੀ (ਜ), ਸਸਅ |
| 44 | ਸ਼੍ਰੀਮਤੀ ਕੰਚਨ ਬਾਲਾ | : | ਏ.ਪੀ.ਸੀ (ਵਿੱਤ), ਸਸਅ |
| 45 | ਸ਼੍ਰੀ ਗੋਪਾਲ ਕ੍ਰਿਸ਼ਨ | : | ਲੇਖਾਕਾਰ, ਸਸਅ |
| 46 | ਮਿਸ ਜਗਦੀਪ ਕੌਰ | : | ਲੇਖਾਕਾਰ, ਸਸਅ |
| 47 | ਸ਼੍ਰੀ ਹਿਮਾਸ਼ੂ ਭਨੋਟ | : | ਲੇਖਾਕਾਰ, ਮਿਡ ਡੇ ਮੀਲ |
| 48 | ਸ਼੍ਰੀ ਹਰਵਿੰਦਰ ਸਿੰਘ | ; | ਡੀ ਆਰ ਪੀ, ਸਿਵਲ ਵਰਕਸ, ਸਸਅ |
| 49 | ਸ਼੍ਰੀ ਨਰੇਸ਼ ਕੁਮਾਰ | : | ਡੀ ਆਰ ਪੀ, ਐਮ ਆਈ ਐਸ, ਸਸਅ |
| 50 | ਸ਼੍ਰੀ ਸੁਖਵਿੰਦਰ ਸਿੰਘ | : | ਡੀ ਆਰ ਪੀ, ਆਈ.ਈ.ਡੀ, ਸਸਅ |
| 51 | ਸ਼੍ਰੀ ਜਗਤਾਰ ਸਿੰਘ | : | ਐਸ.ਡੀ.ਈ, ਸਸਅ |
| 52 | ਸ਼੍ਰੀਮਤੀ ਅੰਜੂ ਸੈਣੀ | : | ਡੀ.ਐਸ.ਈ, ਸਸਅ |

| | | | |
|---|---|---|---|
| 53 | ਸ਼੍ਰੀ ਅੰਕੁਰ ਸ਼ਰਮਾ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 54 | ਸ਼੍ਰੀ ਵਰੁਨ ਜੈਨ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 55 | ਸ਼੍ਰੀਮਤੀ ਰੀਨਾ ਕੁਮਾਰੀ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 56 | ਸ਼੍ਰੀਮਤੀ ਵੰਦਨਾ ਕੁਮਾਰੀ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 57 | ਸ਼੍ਰੀਮਤੀ ਦਵਿੰਦਰ ਕੌਰ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 58 | ਮਿਸ ਤਮੰਨਾ ਗੁਪਤਾ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |
| 59 | ਸ਼੍ਰੀਮਤੀ ਮਨੂ ਬਾਲਾ | : | ਡਾਟਾ ਐਂਟਰੀ ਅਪਰੇਟਰ, ਮਿਡ ਡੇ ਮੀਲ, ਹੁਸ਼ਿਆਰਪੁਰ |

ਵਿੱਤ: ਸਾਲ 2014-15 ਦੌਰਾਨ ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਮੋਹਾਲੀ (ਅਜੀਤਗੜ੍ਹ) ਜੀ ਦੇ ਦਫਤਰ ਤੋਂ 92877525/- ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋਂ 82593617/- ਰੁ. ਦੀ ਰਾਸ਼ੀ ਖਰਚ ਹੋ ਚੁੱਕੀ ਹੈ ਅਤੇ 10283908/- ਰੁ. ਦੀ ਰਾਸ਼ੀ ਬਲਾਕ ਪੱਧਰ ਤੇ ਕੰਮ ਕਰ ਰਹੇ ਸਿੱਖਿਆ ਕਰਮੀਆਂ ਦੀ ਮਹੀਨਾਵਾਰ ਤਨਖਾਹ ਅਤੇ 43 ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਪ੍ਰਾਇਮਰੀ ਅਧਿਆਪਕਾਂ ਦੀ ਮਹੀਨਾਵਾਰ ਤਨਖਾਹ ਦੀ ਅਦਾਇਗੀ ਜੋ ਕਿ ਉਨ੍ਹਾਂ ਦਾ ਕੰਟਰੈਕਟ ਰਿਨਿਊ ਨਾ ਹੋਣ ਕਰਕੇ ਨਹੀਂ ਕੀਤੀ ਗਈ, ਦਾ ਬਕਾਇਆ ਪਿਆ ਹੈ।

## ਆਰ ਟੀ ਈ (ਰਾਈਟ ਟੂ ਐਜੂਕੇਸ਼ਨ ਐਕਟ)

ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਾਰੇ ਸਰਕਾਰੀ ਸਕੂਲਾਂ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਵਿੱਚ ਬਣੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਮਿਆਦ ਮਿਤੀ: 31.03.2014 ਨੂੰ ਖਤਮ ਹੋ ਗਈ ਹੈ। ਅਗਲੇ ਦੋ ਸਾਲਾਂ ਲਈ ਬਣਨ ਵਾਲੀਆਂ ਸਕੂਲ ਮੈਨੇਜਿੰਗ ਕਮੇਟੀਆਂ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਚੋਣ ਜਾਬਤੇ ਕਾਰਨ ਇਹ ਕੰਮ ਵਿੱਚ ਹੀ ਬੰਦ ਕਰ ਦਿੱਤਾ ਗਿਆ ਹੈ ਪਰ ਇਸ ਨੂੰ ਹੁਣ ਫਿਰ ਵੱਡੇ ਪੱਧਰ ਤੇ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਜਲਦ ਹੀ ਜ਼ਿਲ੍ਹੇ ਦੇ ਸਾਰੇ ਸਰਕਾਰੀ ਅਤੇ ਏਡਿਡ ਸਕੂਲਾਂ ਦੀਆਂ ਸਕੂਲ ਮੈਨੇਜਿੰਗ ਕਮੇਟੀਆਂ ਦਾ ਕੰਮ ਪੂਰਾ ਕਰ ਲਿਆ ਜਾਵੇਗਾ।

ਪ੍ਰਧਾਨ ਜੀ ਨੇ ਕਿਹਾ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਦਾ ਕੰਮ ਸਮੇਂ ਸਿਰ ਪੂਰਾ ਕਰ ਦਿੱਤਾ ਜਾਵੇ।

## ਆਈ.ਈ.ਡੀ ਕੰਪੋਨੈਂਟ (ਇੰਨਕਲੂਜ਼ਿਵ ਐਜੂਕੇਸ਼ਨ ਫਾਰ ਡਿੱਸਏਬਲ)

ਰਿਸੋਰਸ ਰੂਮ -

ਜ਼ਿਲ੍ਹੇ ਦੇ ਰਿਸੋਰਸ ਰੂਮਾਂ ਵਿੱਚ ਚਨੌਤੀ ਗ੍ਰਸਤ ਬੱਚਿਆਂ ਨੂੰ ਪੜ੍ਹਾਉਣ ਲਈ 33 ਆਈ.ਈ.ਆਰ.ਟੀਜ਼ ਅਤੇ 90 ਆਈ.ਈ.ਵੀਜ਼ ਕੰਮ ਕਰ ਰਹੇ ਹਨ। ਜ਼ਿਲ੍ਹੇ ਵਿੱਚ 93 ਰਿਸੋਰਸ ਰੂਮ ਚਲ ਰਹੇ ਹਨ। ਜਿਹੜੇ ਚਨੌਤੀ ਗ੍ਰਸਤ ਬੱਚੇ severe and profound ਕੈਟਾਗਰੀ ਦੇ ਹਨ ਉਨ੍ਹਾਂ ਨੂੰ ਘਰੋਂ-ਘਰੀ ਹੋਮਬੇਸਡ ਐਜੂਕੇਸ਼ਨ ਨਾਲ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਦੁਆਰਾ ਸਿੱਖਿਅਤ ਕੀਤਾ ਜਾ ਰਿਹਾ ਹੈ। **(ਇਸ ਸਮੇਂ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਆਪਣੀਆਂ ਮੰਗਾਂ ਸਬੰਧੀ ਹੜਤਾਲ ਤੇ ਹਨ)**

## ਆਰ.ਐਚ.ਡੀ ਅਤੇ ਸੀ.ਐਚ.ਡੀ (ਰਿਊਮੈਟਿਕ ਹਾਰਟ ਡਸੀਜ਼ ਅਤੇ ਕਨੰਜੈਨੀਟਲ ਹਾਰਟ ਡਸੀਜ਼-

ਇਸ ਮਹੀਨੇ 01 ਬੱਚੇ ਦੀ ਸ਼ਨਾਖਤ ਕੀਤੀ ਗਈ ਅਤੇ ਉਸ ਦਾ ਫਾਰਮ ਸਿਵਲ ਹਸਪਤਾਲ ਹੁਸ਼ਿਆਰਪੁਰ ਭੇਜਿਆ ਗਿਆ। ਉਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

| ਲੜੀ ਨੰ | ਨਾਮ | ਸਕੂਲ ਦਾ ਨਾਮ | ਬਲਾਕ ਦਾ ਨਾਮ | ਫੋਨ ਨੰ | ਮਤੀ |
|---|---|---|---|---|---|
| 1 | ਇੰਦਰਜੀਤ ਸਿੰਘ | ਸਅਸ ਪੁਰਾਨਾ ਤਲਵਾੜਾ | ਤਲਵਾੜਾ | 9501353881 | ਮਿਤੀ: 20.05.2014 ਨੂੰ ਪੀ.ਜੀ.ਆਈ ਚੰਡੀਗੜ੍ਹ ਵਿਖੇ ਭੇਜਿਆ ਗਿਆ। |

ਪ੍ਰਧਾਨ ਜੀ ਨੇ ਕਿਹਾ ਕਿ ਆਈ ਈ ਡੀ ਕੰਪੋਨੈਂਟ ਅਧੀਨ ਸਾਰੇ ਕੰਮਾਂ ਨੂੰ ਸਮੇਂ ਸਿਰ ਕਰਨਾ ਯਕੀਨੀ ਬਣਾਇਆ ਜਾਵੇ।

## ਐਸ.ਟੀ.ਆਰ (ਸਪੈਸ਼ਲ ਟ੍ਰੇਨਿੰਗ)

ਸਪੈਸ਼ਲ ਟ੍ਰੇਨਿੰਗ ਅਧੀਨ ਸਾਲ 2014-15 ਲਈ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਸਕੂਲ ਅਧਿਆਪਕਾਂ ਦੁਆਰਾ ਕਰਵਾਇਆ ਗਿਆ ਸੀ। ਜਿਸ ਵਿੱਚ 6-7 ਆਯੂ ਗੁੱਟ ਦੇ 146 ਬੱਚੇ ਸ਼ਨਾਖਤ ਕੀਤੇ ਗਏ ਸਨ ਅਤੇ 7-14 ਆਯੂ ਗੁੱਟ ਦੇ 593 ਬੱਚੇ ਸ਼ਨਾਖਤ ਕੀਤੇ ਗਏ ਹਨ। ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਇਨ੍ਹਾ ਸਨਾਖਤ ਕੀਤੇ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾ ਦਿੱਤਾ ਗਿਆ ਹੈ। ਜਿਹੜੇ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰਜ਼ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਦੁਬਾਰਾ ਸਰਵੇ ਕਰਕੇ ਸਕੂਲੋਂ ਵਿਰਵੇ ਬੱਚਿਆਂ ਨੂੰ ਪੜ੍ਹਾਉਣ ਪਰ ਉਨ੍ਹਾਂ ਦੁਆਰਾ ਸਰਵੇ ਦਾ ਬਾਈਕਾਟ ਕੀਤਾ ਗਿਆ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਵਲੰਟੀਅਰ ਦੁਆਰਾ ਲਗਾਤਾਰ ਕਰਵਾਈ ਜਾਵੇ ਅਤੇ ਸ਼ਨਾਖਤ ਹੋਏ ਬੱਚਿਆਂ ਨੂੰ ਸਕੂਲਾਂ ਵਿੱਚ ਦਾਖਲ ਕਰਵਾ ਦਿੱਤਾ ਜਾਵੇ ਤਾਂ ਜ਼ੋ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਾ ਰਹੇ।

## ਵਰਦੀਆਂ ਸਾਲ 2014-15

ਸਾਲ 2014-15 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਵਰਦੀਆਂ ਸਬੰਧੀ ਕੁੱਲ 96043 ਬੱਚਿਆਂ ਦੇ 400 ਰੁ. ਪ੍ਰਤੀ ਬੱਚੇ ਦੇ ਹਿਸਾਬ ਨਾਲ 3,84,17,200/- ਰੁ. ਪ੍ਰਾਪਤ ਹੋਏ ਹਨ, ਜਿਸ ਵਿੱਚ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਵਿੱਚ ਪੜ੍ਹਦੀਆਂ ਸਾਰੀਆਂ ਲੜਕੀਆਂ ਜਿਨ੍ਹਾਂ ਦੀ ਗਿਣਤੀ 52849, ਐਸ.ਸੀ ਲੜਕੇ ਜਿਨ੍ਹਾਂ ਦੀ ਗਿਣਤੀ 32629 ਅਤੇ ਬੀ ਪੀ ਐਲ ਲੜਕੇ ਜਿਨ੍ਹਾਂ ਦੀ ਗਿਣਤੀ 10565 ਹੈ, ਕੁੱਲ 96043 ਬੱਚਿਆਂ ਵਿੱਚੋ 30011 ਬੱਚਿਆਂ ਨੂੰ ਵਰਦੀਆਂ ਮੁਹੱਈਆਂ ਕਰਵਾਈਆ ਜਾ ਚੁੱਕੀਆ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਹਰੇਕ ਬੱਚੇ ਨੂੰ ਵਰਦੀਆਂ ਜੁਲਾਈ, 2014 ਦੇ ਪਹਿਲੇ ਹਫਤੇ ਤੱਕ ਮੁਹੱਈਆਂ ਕਰਵਾਈਆਂ ਜਾਣ।

## ਪ੍ਰੋਜੈਕਟ ਪ੍ਰਵੇਸ਼

ਪੰਜਾਬ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਵਿੱਦਿਆ ਸੁਧਾਰ ਪ੍ਰੋਗਰਾਮ ਤਹਿਤ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰਵੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਬੱਚਿਆਂ ਦੀ ਗੁਣਾਤਮਕ ਸਿੱਖਿਆ ਵਿੱਚ ਵਾਧਾ ਹੋ ਸਕੇ ਅਤੇ ਬੱਚਾ ਸਿੱਖਿਆ ਦੇ ਸਿਰਜਣਾਤਮਕ ਮਾਡਲ ਨਾਲ ਜੁੜ ਸਕੇ। ਬੱਚਾ ਵੱਖ ਵੱਖ ਗਤੀਵਿਧੀਆ ਰਾਹੀਂ ਆਪਣੇ ਟੀਚਿਆਂ ਨੂੰ ਪੂਰਾ ਕਰਦਾ ਹੋਇਆ ਆਪਣੇ ਪਾਠਕ੍ਰਮ ਨਾਲ ਜੁੜ ਸਕੇ। ਸਾਲ 2013-14 ਦੌਰਾਨ ਪ੍ਰੋਜੈਕਟ ਪ੍ਰਵੇਸ਼ ਅਧੀਨ ਬੇਸਲਾਈਨ ਵਿੱਚ ਕੁੱਲ 49612 ਬੱਚੇ ਜਾਚੇਂ ਗਏ, ਜਿਸ ਵਿੱਚ ਪੰਜਾਬੀ ਦਾ ਟੀਚਾ 47.02 ਪ੍ਰਤੀਸ਼ਤ ਪ੍ਰਾਪਤ, ਗਣਿਤ ਵਿੱਚ ਟੀਚਾ ਪ੍ਰਾਪਤ 42.79 ਪ੍ਰਤੀਸ਼ਤ, ਅੰਗਰੇਜ਼ੀ ਵਿੱਚ ਟੀਚਾ ਪ੍ਰਾਪਤ 27.16 ਪ੍ਰਤੀਸ਼ਤ, ਹਿੰਦੀ ਵਿੱਚ ਟੀਚਾ ਪ੍ਰਾਪਤ 45.33 ਪ੍ਰਤੀਸ਼ਤ ਵਿਦਿਆਰਥੀ ਹਨ। ਪੋਸਟ ਟੈਸਟ ਦੋਰਾਨ ਕੁੱਲ ਬੱਚਿਆਂ 50024 ਵਿੱਚੋਂ ਪ੍ਰਾਪਤ ਵਿਦਿਆਰਥੀ ਪੰਜਾਬੀ ਵਿੱਚ 75.83 ਪ੍ਰਤੀਸ਼ਤ, ਗਣਿਤ ਵਿੱਚ 77.68 ਪ੍ਰਤੀਸ਼ਤ, ਅੰਗ੍ਰੇਜ਼ੀ ਵਿੱਚ 66.13 ਪ੍ਰਤੀਸ਼ਤ, ਹਿੰਦੀ ਵਿੱਚ 78.24 ਸਨ। ਬੇਸਲਾਈਨ ਤੋ ਪੋਸਟ ਟੈਸਟ ਦੌਰਾਨ ਕੁੱਲ ਵਾਧਾ ਪੰਜਾਬੀ ਵਿੱਚ 28.81 ਪ੍ਰਤੀਸ਼ਤ, ਗਣਿਤ ਵਿੱਚ 34.89 ਪ੍ਰਤੀਸ਼ਤ, ਅੰਗਰੇਜ਼ੀ ਵਿੱਚ 38.97 ਪ੍ਰਤੀਸ਼ਤ, ਹਿੰਦੀ ਵਿੱਚ 32.91 ਪ੍ਰਤੀਸ਼ਤ ਦਰਜ ਕੀਤਾ ਗਿਆ। ਸਾਲ 2014-15 ਵਿੱਚ ਪ੍ਰੋਜੈਕਟ ਪ੍ਰਵੇਸ਼ ਤਹਿਤ ਅਪ੍ਰੈਲ ਅਤੇ ਮਈ ਮਹੀਨੇ ਵਿੱਚ ਪਿਛਲੇ ਸਾਲ ਦੇ ਟੀਚਿਆਂ ਤੋਂ ਪਿਛੇਂ ਰਹੇ ਵਿਦਿਆਰਥੀਆਂ ਨੂੰ ਰਮੀਡਿਅਲ ਕੋਚਿੰਗ ਦਿੱਤੀ ਗਈ। ਗਰਮੀਆਂ ਦੀਆਂ ਛੁੱਟੀਆਂ ਵਿੱਚ ਕੁੱਝ ਸਕੂਲਾਂ ਦੁਆਰਾ ਸਮਰ ਕੈਂਪ ਲਗਾਏ ਗਏ ਹਨ। ਜੁਲਾਈ, 2014 ਦੇ ਪਹਿਲੇ ਹਫਤੇ ਤੋ ਅਧਿਆਕਾਂ ਦੀ ਚਾਰ ਰੋਜਾ ਟ੍ਰੇਨਿੰਗ ਸ਼ੁਰੂ ਹੋਣ ਜਾ ਰਹੀ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਇਸ ਸਾਲ ਦੌਰਾਨ ਪ੍ਰਵੇਸ਼ ਪ੍ਰੋਜੈਕਟ ਨੂੰ ਜ਼ਿਲ੍ਹਾਂ ਪ੍ਰੀਸ਼ਦ ਦੇ ਸਕੂਲਾਂ ਵਿੱਚ ਚਲਾਉਣਾ ਯਕੀਨੀ ਬਣਾਇਆ ਜਾਵੇ।

## ਟੈਕਸਟ ਬੁੱਕ

ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 2014-15 ਅਧੀਨ ਸਕੂਲਾਂ ਵੱਲੋ ਕੀਤੀ ਗਈ ਡਿਮਾਂਡ ਮੁਤਾਬਿਕ ਕਿਤਾਬਾਂ ਸਕੂਲਾਂ ਵਿੱਚ ਪਹੁੰਚਾ ਦਿੱਤੀਆਂ ਗਈਆ ਹਨ ਅਤੇ ਇਹ ਕਿਤਾਬਾਂ ਬੱਚਿਆਂ ਨੂੰ ਵੰਡ ਦਿੱਤੀਆਂ ਗਈਆਂ ਹਨ। ਇਸ ਸੈਸ਼ਨ ਦੌਰਾਨ ਪ੍ਰਾਇਮਰੀ ਪੱਧਰ ਤੇ (ਪਹਿਲੀ ਤੋਂ ਪੰਜਵੀ ਜਮਾਤ ਤੱਕ) ਵੈਲਫੇਅਰ ਵਿਭਾਗ ਵੱਲੋਂ 39192 ਅਤੇ ਸਰਵ ਸਿੱਖਿਆ ਅਭਿਆਨ ਤਹਿਤ 34229 ਬੱਚਿਆਂ ਨੂੰ ਕਿਤਾਬਾਂ ਦਿੱਤੀਆਂ ਗਈਆਂ ਹਨ। ਇਸੇ ਤਹਿਤ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਵੈਲਫੇਅਰ ਵਿਭਾਗ ਵੱਲੋਂ 28239 ਬੱਚਿਆਂ ਨੂੰ ਅਤੇ ਸਰਵ ਸਿੱਖਿਆ ਅਭਿਆਨ ਵੱਲੋ 21603 ਬੱਚਿਆਂ ਨੂੰ ਮੁਫਤ ਕਿਤਾਬਾਂ ਵੰਡੀਆਂ ਗਈਆਂ ਹਨ। ਨੌਵੀ ਅਤੇ ਦੱਸਵੀਂ ਜਮਾਤ ਦੇ ਸਿਰਫ ਐਸ ਸੀ 20149 ਬੱਚਿਆਂ ਨੂੰ ਵੈਲਫੇਅਰ ਵਿਭਾਗ ਵੱਲੋਂ ਮੁਫਤ ਕਿਤਾਬਾਂ ਮੁਹੱਈਆਂ ਕਰਵਾਈਆਂ ਗਈਆਂ ਹਨ। ਹੁਣ ਜ਼ਿਲ੍ਹੇ ਵਿੱਚ ਸ਼ੈਸ਼ਨ 2014-15 ਦੀ ਡਿਮਾਂਡ ਅਨੁਸਾਰ ਕੋਈ ਵੀ ਬੱਚਾ ਕਿਤਾਬਾਂ ਤੋਂ ਵਿਰਵਾ ਨਹੀਂ ਹੈ ਹੁਣ ਜੇਕਰ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵੱਧਦੀ ਹੈ ਤਾਂ ਉਸ ਦੀ ਸਪਲੀਮੈਂਟਰੀ ਡਿਮਾਂਡ ਦੀ ਮੰਗ ਮੁੱਖ ਦਫਤਰ ਮੋਹਾਲੀ ਨੂੰ ਭੇਜ ਦਿੱਤੀ ਜਾਵੇਗੀ।

ਪ੍ਰਧਾਨ ਜੀ ਨੇ ਕਿਹਾ ਕਿ ਸਕੂਲਾਂ ਤੋਂ ਸਪਲੀਮੈਂਟਰੀ ਡਿਮਾਂਡ ਲਈ ਜਾਵੇ ਅਤੇ ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕੀਤਾ ਜਾਵੇ ਤਾਂ ਜੋ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਬਗੈਰ ਨਾ ਰਹੇ।

# ਸਿਵਲ ਵਰਕਸ

**ਸਾਲ 2012-13 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਨਿਊ ਅਪਰ ਪ੍ਰਾਇਮਰੀ ਇਮਾਰਤ @ 22.00 ਲੱਖ ਰੁ** :- 01 ਨਿਊ ਅਪਰ ਪ੍ਰਾਇਮਰੀ ਇਮਾਰਤ ਲਈ 22.00 ਲੱਖ ਰੁ ਪ੍ਰਾਪਤ ਹੋਏ ਹਨ। ਇਸ ਵਿੱਚੋਂ 22.00 ਲੱਖ ਰੁ. ਖਰਚ ਹੋ ਚੁੱਕਾ ਹੈ। ਨਿਊ ਅਪਰ ਪ੍ਰਾਇਮਰੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ.** :- 47 ਗਰਲਜ਼ ਟਾਇਲਟ ਲਈ 92.59 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 92.59 ਲੱਖ ਰੁ. ਖਰਚ ਹੋ ਚੁੱਕਾ ਹੈ। 47 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਸੀ ਡਬਲਯੂਐਸਐਨ ਸੁਵਿਧਾ @ 0.76 ਲੱਖ ਰੁ.** :- 10 ਸੀ ਡਬਲਯੂਐਸਐਨ ਟਾਇਲਟ ਲਈ 7.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋ 7.60 ਲੱਖ ਰੁ. ਖਰਚ ਹੋ ਚੁੱਕਾ ਹੈ। 10 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 13 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 67.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 67.60 ਲੱਖ ਰੁ. ਖਰਚ ਹੋ ਚੁੱਕਾ ਹੈ। 13 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

5. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 42 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 218.40 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 218.40 ਲੱਖ ਰੁ. ਖਰਚ ਹੋ ਚੁੱਕਾ ਹੈ। 42 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

6. **ਹੈਡ ਮਾਸਟਰ ਰੂਮ (ਪ੍ਰਾਇਮਰੀ) @ 3.27 ਲੱਖ ਰੁ.** :- 09 ਹੈਡ ਮਾਸਟਰ ਰੂਮ ਪ੍ਰਾਇਮਰੀ ਲਈ 29.43 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 29.43 ਲੱਖ ਰੁ. ਖਰਚ ਹੋ ਚੁੱਕਾ ਹੈ। 09 ਹੈਡ ਮਾਸਟਰ ਰੂਮ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

7. **ਚਾਰ ਦੀਵਾਰੀ @ 0.0425 ਲੱਖ ਰੁ.** :- 772 ਮੀਟਰ ਚਾਰਦੀਵਾਰੀ ਲਈ 32.81 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 32.81 ਲੱਖ ਰੁ. ਖਰਚ ਹੋ ਚੁੱਕੇ ਹਨ। 772 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

8. **ਚਾਰ ਦੀਵਾਰੀ @ 0.0345 ਲੱਖ ਰੁ.** :- 81884 ਮੀਟਰ ਚਾਰਦੀਵਾਰੀ ਲਈ 2824.99800 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 2805.08201 ਲੱਖ ਰੁ. ਖਰਚ ਹੋ ਚੁੱਕੇ ਹਨ। 81200 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 684 ਮੀਟਰ ਚਾਰਦੀਵਾਰੀ ਦਾ ਕੰਮ ਚਲ ਰਿਹਾ ਹੈ।

9. **ਮੇਜਰ ਰਿਪੇਅਰ (ਪ੍ਰਾਇਮਰੀ)** :- 45 ਸਕੂਲਾਂ ਲਈ 73.60 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 73.60 ਲੱਖ ਰੁ. ਖਰਚ ਹੋ ਚੁੱਕੇ ਹਨ। 45 ਮੇਜਰ ਰਿਪੇਅਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

10. **ਮੇਜਰ ਰਿਪੇਅਰ (ਅਪਰ ਪ੍ਰਾਇਮਰੀ) :-** 13 ਸਕੂਲਾਂ ਲਈ 28.53014 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 28.53014 ਲੱਖ ਰੁ. ਖਰਚ ਹੋ ਚੁੱਕੇ ਹਨ। 13 ਮੇਜਰ ਰਿਪੇਅਰ ਅਪਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

11. **ਰੈਂਪ ਹੈਂਡਰੇਲ ਸਮੇਤ @ 0.15 ਲੱਖ ਰੁ:-** 53 ਰੈਪਸ ਲਈ 7.95 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 7.95 ਲੱਖ ਰੁ. ਖਰਚ ਹੋ ਚੁੱਕਾ ਹੈ। 53 ਸਕੂਲਾਂ ਵਿੱਚ ਕੰਮ ਮੁਕੰਮਲ ਹੋ ਚੁੱਕਾ ਹੈ।

ਪ੍ਰਧਾਨ ਜੀ ਨੇ ਕਿਹਾ ਸਿਵਲ ਵਰਕਸ ਦੇ ਸਾਲ 2012-13 ਦੇ ਜ਼ੋ ਕੰਮ ਪੇਡਿੰਗ ਹਨ ਉਨ੍ਹਾਂ ਕੰਮਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ।

**ਸਾਲ 2013-14 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-**

1. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ. :-** 41 ਗਰਲਜ਼ ਟਾਇਲਟ ਲਈ 80.77 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 80.77 ਲੱਖ ਰੁ. ਖਰਚ ਹੋ ਚੁੱਕਾ ਹੈ। 41 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਟਾਇਲਟ ਰਿਪੇਅਰ:-** 03 ਟਾਇਲਟ ਰਿਪੇਅਰ ਲਈ 0.798 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 0.798 ਲੱਖ ਰੁ. ਖਰਚ ਹੋ ਚੁੱਕਾ ਹੇ। 03 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 03 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 15.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 15.60 ਲੱਖ ਰੁ. ਖਰਚ ਹੋ ਚੁੱਕਾ ਹੈ। 03 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 31 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 161.20 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 156.60 ਲੱਖ ਰੁ. ਖਰਚ ਹੋ ਚੁੱਕਾ ਹੈ। 29 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ। 02 ਅਡੀਸ਼ਨਲ ਕਲਾਸਰੂਮਾਂ (ਰੂਰਲ) ਦਾ ਕੰਮ ਸ਼ੁਰੂ ਹੈ।

5. **ਚਾਰ ਦੀਵਾਰੀ @ 0.0345 ਲੱਖ ਰੁ. :-** 1103 ਮੀਟਰ ਚਾਰਦੀਵਾਰੀ ਲਈ 38.05350 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 38.05350 ਲੱਖ ਰੁ. ਖਰਚ ਹੋ ਚੁੱਕੇ ਹਨ। 1103 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਸਿਵਲ ਵਰਕਸ ਦੇ ਸਾਲ 2013-14 ਦੇ ਜ਼ੋ ਕੰਮ ਪੇਡਿੰਗ ਹਨ ਉਨ੍ਹਾਂ ਕੰਮਾਂ ਨੂੰ ਜਲਦੀ ਤੋਂ ਜਲਦੀ ਮੁਕੰਮਲ ਕਰਵਾਇਆ ਜਾਵੇ।

**ਮਿਡ ਡੇ ਮੀਲ ਸਕੀਮ :-** ਮੀਟਿੰਗ ਦੇ ਸ਼ੁਰੂ ਵਿੱਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਵਿੱਚ ਹਾਜਿਰ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਕੋਲੋਂ ਮਿਡ ਡੇ ਮੀਲ ਸਕੀਮ ਦੀ ਪ੍ਰਗਤੀ ਬਾਰੇ ਪੁੱਛਿਆ ਗਿਆ ਤਾਂ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਵਿੱਚ ਮਹੀਨਾ ਅਪ੍ਰੈਲ ,14 ਦੌਰਾਨ ਪ੍ਰਾਇਮਰੀ ਸਕੂਲਾਂ ਲਈ 3133.20 ਕੁਇੰਟਲ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਲਈ 3219.20 ਕੁਇੰਟਲ ਅਨਾਜ (ਮਹੀਨਾ ਅਪ੍ਰੈਲ ਅਤੇ ਮਈ 14 ਦਾ ਇਕੱਠਾ ਕੋਟਾ) ਲਿਫਟ ਕੀਤਾ ਗਿਆ ਹੈ। ਉਹਨਾਂ ਨੇ ਦੱਸਿਆ ਕਿ ਮਿਡ ਡੇ ਮੀਲ ਸਕੀਮ ਤਹਿਤ ਸਕੂਲਾਂ ਵਿੱਚ ਸਪਲਾਈ ਕੀਤਾ ਜਾਣ ਵਾਲਾ ਅਨਾਜ ਪੂਰੀ ਮਾਤਰਾ ਵਿੱਚ ਸਹੀ ਗੁਣਵੱਤਾ ਵਾਲਾ ਤੋਲ ਕੇ ਅਧਿਆਪਕਾਂ ਵੱਲੋਂ ਪ੍ਰਾਪਤ ਕੀਤਾ ਜਾ ਰਿਹਾ ਹੈ। ਉਹਨਾਂ ਨੇ ਦੱਸਿਆ ਕਿ ਜਿਲੇ ਦੀ ਹਰੇਕ ਸਬ-ਡਵੀਜ਼ਨ ਵਿੱਚ ਅਨਾਜ ਦੀ ਐਡਵਾਂਸ ਚੈਕਿੰਗ ਲਈ ਸਬੰਧਤ ਐਸ.ਡੀ.ਐਮਜ਼ ਵੱਲੋਂ ਕਮੇਟੀਆਂ ਦਾ ਗਠਨ ਕੀਤਾ ਜਾ ਚੁੱਕਾ ਹੈ ਜਿਹਨਾਂ ਵੱਲੋਂ ਸਕੂਲਾਂ ਨੂੰ ਭੇਜੇ ਜਾਣ ਵਾਲੇ ਅਨਾਜ ਦੀ ਗੁਣਵੱਤਾ ਅਤੇ ਮਿਕਦਾਰ ਦੀ ਐਡਵਾਂਸ ਚੈਕਿੰਗ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਡਿਪਟੀ ਕਮਸ਼ਿਨਰ, ਹੁਸ਼ਿਆਰਪੁਰ ਜੀ ਨੂੰ ਜਾਣੂ ਕਰਵਾਇਆ ਗਿਆ ਜਿਲਾ ਮੈਨੇਜਰ ਪਨਸਪ, ਹੁਸ਼ਿਆਰਪੁਰ ਵੱਲੋਂ ਮਹੀਨਾ ਅਪ੍ਰੈਲ,14 ਦੇ ਅਨਾਜ ਦੇ ਕੋਟੇ ਵਿੱਚੋਂ ਬਲਾਕ ਹਾਜੀਪੁਰ, ਮੁਕੇਰੀਆਂ-1 ਅਤੇ ਤਲਵਾੜਾ ਦੇ ਲਗਭਗ 128 ਸਕੂਲਾਂ ਦਾ ਪੈਂਡਿੰਗ ਅਨਾਜ ਗਰਮੀ ਦੀਆਂ ਛੁੱਟੀਆਂ ਖਤਮ ਹੋਣ ਉਪਰੰਤ ਮਹੀਨਾ ਜੁਲਾਈ,14 ਦੇ ਪਹਿਲੇ ਹਫਤੇ ਵਿੱਚ ਵੰਡਣ ਦਾ ਭਰੋਸਾ ਦਵਾਇਆ ਗਿਆ ਹੈ। ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਵਿ), ਹੁਸ਼ਿਆਰਪੁਰ ਜੀ ਨੂੰ ਕਿਹਾ ਕਿ ਜਿਲਾ ਮੈਨੇਜਰ ਪਨਸਪ, ਹੁਸ਼ਿਆਰਪੁਰ ਨੂੰ ਆਪਣੇ ਦਫਤਰ ਬੁਲਾ ਕੇ ਹਦਾਇਤ ਕੀਤੀ ਜਾਵੇ ਕਿ ਸਬੰਧਤ ਸਕੂਲਾਂ ਵਿੱਚ ਅਨਾਜ ਛੁੱਟੀਆਂ ਤੋਂ ਪਹਿਲਾਂ ਭੇਜਿਆ ਜਾਵੇ ਤਾਂ ਜੋ ਸਬੰਧਤ ਸਕੂਲਾਂ ਵਿੱਚ ਸਕੀਮ ਪ੍ਰਭਾਵਿਤ ਨਾ ਹੋਵੇ।

ਜਿਲਾ ਸਿੱਖਿਆ ਅਫਸਰ (ਐ.ਸਿ.),ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਦੇ ਸਕੂਲਾਂ ਵਾਸਤੇ ਮਹੀਨਾ ਅਪ੍ਰੈਲ,14 ਦੌਰਾਨ ਮੁੱਖ ਦਫਤਰ ਵੱਲੋਂ ਭੇਜੀ ਗਈ ਕੁੱਲ 1 ਕਰੋੜ 3 ਲੱਖ 92 ਹਜਾਰ 511 ਰੁ: ਕੁਕਿੰਗ ਕੋਸਟ ਦੀ ਰਾਸ਼ੀ ਸਮੂਹ ਸਕੂਲਾਂ ਨੂੰ ਅਪ੍ਰੈਲ,14 ਮਹੀਨੇ ਵਾਸਤੇ ਇਸ ਦਫਤਰ ਵੱਲੋਂ ਸਬੰਧਤ ਬੀ.ਪੀ.ਈ.ਓਜ਼ ਰਾਹੀਂ ਜਾਰੀ ਕੀਤੀ ਗਈ। ਇਸ ਸਮੇਂ ਸਕੂਲਾਂ ਵਿੱਚ ਕੁਕਿੰਗ ਕੋਸਟ ਦੀ ਘਾਟ ਚੱਲ ਰਹੀ ਹੈ। ਮਹੀਨਾ ਮਈ,14 ਅਤੇ ਜੁਲਾਈ,14 ਲਈ ਕੁਕਿੰਗ ਕੋਸਟ ਦੀ ਹੋਰ ਗ੍ਰਾਂਟ ਜਾਰੀ ਕਰਨ ਲਈ ਮੁੱਖ ਦਫਤਰ ਨੂੰ ਲਿਖਿਆ ਜਾ ਚੁੱਕਾ ਹੈ। ਇਸ ਦੇ ਨਾਲ ਹੀ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਇਸ ਜਿਲੇ ਦੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਕੰਮ ਕਰਦੇ 3080 ਕੁੱਕਾਂ ਨੂੰ ਮਹੀਨਾ ਮਈ, 14 ਤੱਕ ਦਾ ਮਿਹਨਤਾਨਾ ਸਬੰਧਤ ਬੀ.ਪੀ.ਈ.ਓਜ਼ ਰਾਹੀਂ ਇਸ ਦਫਤਰ ਵੱਲੋਂ ਜਾਰੀ ਕੀਤਾ ਜਾ ਚੁੱਕਾ ਹੈ।

ਇਸ ਤੋਂ ਬਾਅਦ ਜਿਲਾ ਸਿੱਖਿਆ ਅਫਸਰ (ਐ.ਸਿ.), ਹੁਸ਼ਿਆਰਪੁਰ ਵੱਲੋਂ ਦੱਸਿਆ ਗਿਆ ਕਿ ਸਰਕਾਰ ਪਾਸੋਂ ਜਾਰੀ ਨਵੀਆਂ ਹਦਾਇਤਾਂ ਅਨੁਸਾਰ ਅਨਾਜ ਦੀਆਂ ਖਾਲੀ ਬੋਰੀਆਂ ਸਕੂਲ ਪੱਧਰ ਤੇ ਵੇਚੀਆਂ ਜਾਣੀਆਂ ਹਨ ਅਤੇ ਵੇਚ-ਵੱਟਕ ਦੀ ਰਾਸ਼ੀ ਸਬੰਧਤ ਬੀ.ਪੀ.ਈ.ਓ ਰਾਹੀਂ ਇਸ ਦਫਤਰ ਪਾਸ ਜਮ੍ਹਾਂ ਕਰਵਾਈ ਜਾਣੀ ਹੈ। ਇਸ ਦਫਤਰ ਪਾਸ ਸਮੂਹ ਬਲਾਕਾਂ ਵੱਲੋਂ ਮਹੀਨਾ ਅਕਤੂਬਰ,13 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵੱਟਕ ਦੀ ਲਗਭਗ 12 ਲੱਖ 38 ਹਜਾਰ ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਜੋ ਇਸ ਦਫਤਰ ਵੱਲੋਂ ਹਦਾਇਤਾਂ ਅਨੁਸਾਰ ਮੁੱਖ ਦਫਤਰ,

ਅਜੀਤਗੜ੍ਹ ਨੂੰ ਮਹੀਨਾ ਮਾਰਚ,14 ਦੌਰਾਨ ਈ-ਟ੍ਰਾਂਸਫਰ ਕਰਕੇ ਭੇਜੀ ਜਾ ਚੁੱਕੀ ਹੈ। ਹੁਣ ਇਸ ਦਫਤਰ ਪਾਸ ਸਮੂਹ ਬਲਾਕਾਂ ਵੱਲੋਂ ਮਹੀਨਾ ਨਵੰਬਰ,13 ਤੋਂ ਜਨਵਰੀ,14 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਚ-ਵੱਟਕ ਦੀ ਲਗਭਗ 98

ਹਜਾਰ ਰੁ: ਦੀ ਰਾਸ਼ੀ ਜਮ੍ਹਾਂ ਕਰਵਾਈ ਗਈ ਹੈ।ਇਸ ਦਫਤਰ ਵੱਲੋਂ ਸਮੂਹ ਬਲਾਕਾਂ ਨੂੰ ਮਹੀਨਾ ਫਰਵਰੀ,14 ਤੋਂ ਮਾਰਚ,14 ਤੱਕ ਦੀਆਂ ਖਾਲੀ ਬੋਰੀਆਂ ਦੀ ਵੇਂਚ-ਵੱਟਕ ਦੀ ਰਾਸ਼ੀ ਇਸ ਦਫਤਰ ਪਾਸ ਜਮ੍ਹਾਂ ਕਰਵਾਉਣ ਲਈ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਮੀਟਿੰਗ ਵਿੱਚ ਹਾਜਿਰ ਸਿਹਤ ਵਿਭਾਗ, ਹੁਸ਼ਿਆਰਪੁਰ ਦੇ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਉਹਨਾਂ ਦੇ ਵਿਭਾਗ ਵੱਲੋਂ ਮਹੀਨਾ ਮਈ,14 ਦੌਰਾਨ 9580 ਵਿਦਿਆਰਥੀਆਂ ਦਾ ਸਕੂਲ ਹੈਲਥ ਪ੍ਰੋਗਰਾਮ (ਰਾਸ਼ਟਰੀ ਬਾਲ ਸਵਾਸਥ ਕਾਰਯਕ੍ਰਮ) ਤਹਿਤ ਮੈਡੀਕਲ ਚੈਕਅੱਪ ਕੀਤਾ ਗਿਆ।ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਪੁਛੱਣ ਤੇ ਸਿਹਤ ਵਿਭਾਗ, ਹੁਸ਼ਿਆਰਪੁਰ ਦੇ ਨੁਮਾਇੰਦੇ ਵੱਲੋਂ ਦੱਸਿਆ ਗਿਆ ਕਿ ਜਿਲੇ ਦੇ ਸਮੂਹ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਹੈਲਥ ਕਾਰਡ ਬਣੇ ਹੋਏ ਹਨ।ਜਿਹਨਾਂ ਵਿੱਚ ਵਿਜਿਟਿੰਗ ਹੈਲਥ ਟੀਮਾਂ ਵੱਲੋਂ ਵਿਦਿਆਰਥੀਆਂ ਸਬੰਧੀ ਲੋੜੀਂਦੇ ਇੰਦਰਾਜ ਕੀਤੇ ਜਾਂਦੇ ਹਨ।

ਅੰਤ ਵਿੱਚ ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਜੀ ਵੱਲੋਂ ਮੀਟਿੰਗ ਸਮਾਪਤ ਕੀਤੀ ਗਈ।

ਜਿਲਾ ਸਿਖਿਆ ਅਫਸਰ (ਐ.ਸਿ.)
ਹੁਸ਼ਿਆਰਪੁਰ

ਮਾਨਯੋਗ ਡਿਪਟੀ ਕਮਿਸ਼ਨਰ
ਹੁਸ਼ਿਆਰਪੁਰ

ਜਿ. ਸਿ.
10/7/14

10/7/14